**ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ॥**
**ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥**

ਬੂਟੇ ਦੇ ਪੱਤੇ ਪੱਤੀਆਂ, ਪ੍ਰਭੂ ਦਾ ਬ੍ਰਹਮਾ ਰੂਪ ਹਨ ਜੋ (ਕਲੋਰੋਫ਼ਿਲ ਤੋਂ) ਭੋਜਨ ਦੀ ਸਿਰਜਨਾ ਕਰਦੀਆਂ ਹਨ। ਡਾਲੀ, ਪ੍ਰਭੂ ਦਾ ਵਿਸ਼ਣੂ ਰੂਪ ਹੈ, ਜੋ ਪਤਿਆਂ ਤੋਂ ਖ਼ੁਰਾਕ ਲੈ ਕੇ ਸਾਰੇ ਬੂਟੇ ਨੂੰ ਪੁਚਾਉਣ ਦਾ ਕੰਮ ਕਰਦੀ ਹੈ। ਫੁਲ, ਸੁੰਦਰਤਾ ਦੀ ਖਿਚ ਨਾਲ, ਫ਼ਲ ਤੇ ਬੀਜ ਪੈਦਾ ਕਰਣ ਦਾ ਸਾਧਨ ਬਣਨ ਲਈ, ਭੰਵਰੇ ਆਦਿ ਨੂੰ ਲਲਾਇਤ ਜਾਂ ਆਕੱਰਖਿਤ ਕਰਦਾ ਹੈ, ਇਸ ਲਈ ਉਹ ਅਕਾਲ ਪੁਰਖ ਦਾ ਸ਼ਿਵ ਰੂਪ ਹੈ। ਤਾਂ ਤੇ, ਹੇ ਪੁਜਾਰੀ ! ਤੂੰ, ਫੁਲਾਂ ਨੂੰ ਤੋੜ ਕੇ, ਪ੍ਰਭੂ ਦੇ ਸਾਖ਼ਸ਼ਾਤ ਤਿੰਨ ਸਰੂਪਾਂ, ਦੇਵਾਂ ਦਾ ਕਤਲ ਕਰ ਦਿਤਾ ਤੇ ਫ਼ਿਰ ਉਨ੍ਹਾਂ ਨਾਲ ਕਿਸ ਦੀ ਪੂਜਾ ਕਰ ਰਿਹਾ ਹੈਂ?

Leaves of the plant create food through chlorophyll etc. for the plant. So this is one form of God, i.e. Brahma, the creator. The branches are taking that food and providing nourishment to the whole plant. Thus it is Provider department of God, called Vishnu. Flower, being beauteous, attracts insects to help create fruit and seeds. Beauty is called Shiv, which is the third department of Akal Purakh. Thus, O priest ! By plucking flowers, you have destroyed the three departments of God. Whom are you worshipping?

**ਤੋਰਉ ਨ ਪਾਤੀ ਪੂਜਉ ਨ ਦੇਵਾ॥**
**ਰਾਮ ਭਗਤਿ ਬਿਨੁ ਨਿਹਫਲ ਸੇਵਾ॥**

ਭਗਤ ਕਬੀਰ ਜੀ ਦਾ ਫ਼ੁਰਮਾਣ ਹੈ ਕਿ ਮੈਂ ਆਪਣੇ ਪੂਜਯ ਇਸ਼ਟ ਦੀ ਅਰਾਧਨਾ ਲਈ ਫ਼ੁਲ ਪੱਤੀਆਂ ਨਹੀਂ ਤੋੜਦਾ। ਵਾਹਿਗੁਰੂ ਦੀ ਭਗਤੀ ਸਿਮਰਣ ਤੋਂ ਬਿਨਾ, ਸਾਰੀ ਸੇਵਾ ਨਿਸ਼ਫ਼ਲ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦਾ ਸਪੱਸ਼ਟ ਫ਼ੁਰਮਾਣ ਹੈ ਕਿ ਪੂਜਾ ਦਾ ਸਿਰਫ਼ ਤੇ ਸਿਰਫ਼ ਢੰਗ ਹੈ ਨਾਮ ਜਪਣਾ, ਨਾਮ ਜਪਣ ਤੋਂ ਬਿਨਾਂ ਹੋਰ ਕੋਈ ਪੂਜਾ ਹੀ ਨਹੀਂ ਹੈ - 'ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥'

Bhagat Kabir says that he does not pluck flowers, leaves etc. to worship his Deity. All other types of worship, except devotional Simran, Bhagti, are in vain and futile. Guru Nanak clearly says that **Naam Simran or Contemplation on the Name of God is the only way of worshipping, with it there is no worship.**